# ਪੰਥਕ ਜਥੇਬੰਦੀਆਂ ਵਾਲਿਓ! ਕੌਮ ਨਾਲ ਧਰੋਹ ਨਾ ਕਮਾਓ
# ਜੇਕਰ ਤੁਸੀਂ ਹੁਣ ਵੀ ਏਕਤਾ ਨਾ ਕੀਤੀ ਤਾਂ ਤੁਹਾਨੂੰ
# ਪੰਥਕ ਅਖਵਾਉਣ ਦਾ ਵੀ ਕੋਈ ਹੱਕ ਨਹੀਂ

**ਗੁਰਸੇਵਕ ਸਿੰਘ ਧੌਲਾ**

ਮੰਡੀ ਗੋਬਿੰਦਗੜ, 26 ਅਪ੍ਰੈਲ (ਪੰਜਾਬੀ ਟੂਡੈ ਪੰਜਾਬੀ ਟੂਡੇ ਨਿਊਜ)ਪੰਥਕ ਜਥੇਬੰਦੀਆਂ ਵਾਲਿਓ! ਤੁਹਾਨੂੰ ਪੰਥਕ ਇਸ ਲਈ ਕਿਹਾ ਜਾਂਦਾ ਹੈ ਤਾਂ ਜੋ ਕੌਮ ਨੂੰ ਹੁਣ ਤੁਹਾਡੇ ਤੋਂ ਹੀ ਸਾਰੀਆਂ ਆਸਾਂ ਹਨ। ਸ਼੍ਰੋਮਣੀ ਅਕਾਲੀ ਦਲ ਜਿਸ ਦੀ ਸਿੱਖਾਂ ਨੂੰ ਅਨੇਕਾਂ ਕੁਰਬਾਨੀਆਂ ਤੋਂ ਬਾਅਦ ਇਸ ਲਈ ਸਿਰਜਣਾ ਕੀਤੀ ਸੀ ਤਾਂ ਕਿ ਸਿੱਖਾਂ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜਸੀ ਸ਼ਕਤੀ ਪੈਦਾ ਕੀਤੀ ਜਾ ਸਕੇ ਇਹ ਰਾਜਸੀ ਜਥੇਬੰਦੀ ਦਾ ਜਦੋਂ ਟੱਬਰੀਕਰਨ ਹੋ ਗਿਆ ਹੈ ਤਾਂ ਹੁਣ ਇਸ ਨੂੰ ਅਕਾਲੀ ਦਲ ਤਾਂ ਕਿਹਾ ਜਾਂਦਾ ਹੈ ਪ੍ਰੰਤੂ 'ਪੰਥਕ' ਨਹੀਂ। ਕਿਤੇ ਇਹ ਨਾ ਹੋਵੇ ਕਿ ਸਿੱਖਾਂ ਦੀ ਦਿਲੀ ਅਵਾਜ਼ ਨੂੰ ਸੁਣਨ ਤੋਂ ਇਨਕਾਰੀ ਹੋਈਆਂ ਪੰਥਕ ਜਥੇਬੰਦੀਆਂ ਨੂੰ ਵੀ ਕੌਮ ਪੰਥਕ ਆਖਣੋ ਹਟ ਜਾਵੇ। ਸੱਚ ਜਾਣਿਓ ਇਹ ਸਥਿਤੀ ਤੱਕ ਪੁੱਜਣ ਲਈ ਵੀ ਤੁਸੀਂ ਐਂਨ ਕਿਨਾਰੇ 'ਤੇ ਖੜ੍ਹੇ ਹੋ। ਇਸ ਲਈ ਅਸੀਂ ਹੀ ਨਹੀਂ ਸਗੋਂ ਪੂਰੀ ਕੌਮ ਦੀ ਅਵਾਜ਼ ਨੂੰ ਮਹਿਸੂਸ ਕਰਨਾ ਹੁਣ ਤੁਹਾਡੇ ਲਈ ਬਹੁਤ ਜ਼ਰੂਰੀ ਹੋ ਗਿਆ ਹੈ।ਹੁਣ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਨਗਾਰਾ ਖੜਕ ਚੁੱਕਾ ਹੈ ਤਾਂ ਕਥਿਤ ਸ਼੍ਰੋਮਣੀ ਅਕਾਲੀ ਦਲ ਜੋ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਸਿੱਖਾਂ ਦੀ ਧਾਰਮਿਕ ਸੰਸਥਾ 'ਤੇ ਕਬਜ਼ਾ ਕਰੀ ਬੈਠਾ ਹੈ,ਨੇ ਅਗਲੀ ਵਾਰ ਫਿਰ ਤੇਜਾ ਸਿੰਘ ਸਮੁੰਦਰੀ ਹਾਲ ਦੀਆਂ ਕੁਰਸੀਆਂ ਮੱਲਣ ਲਈ ਕਮਰਕਸੇ ਕਰ ਲਏ ਹਨ। ਤੁਸੀਂ ਸਭ ਪੰਥਕ ਜਥੇਬੰਦੀਆਂ ਵਾਲੇ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਗੱਲੋਂ ਅਲੋਚਨਾ ਕਰਦੇ ਰਹੇ ਹੋ ਕਿ ਇਹ ਦੋਨੋਂ ਪ੍ਰਮੁੱਖ ਸ਼ਕਤੀਆਂ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨਹੀਂ ਨਿਭਾ ਰਹੀਆਂ ਇਸ ਲਈ ਸਿੱਖਾਂ ਦੀ ਅਜੋਕੀ ਦਸ਼ਾ ਲਈ ਇਹ ਸ਼ਕਤੀਆਂ ਜ਼ਿੰਮੇਵਾਰ ਹਨ। ਸਿੱਖ ਕੌਮ ਨੇ ਤੁਹਾਡੀਆਂ ਇਹਨਾਂ ਗੱਲਾਂ ਨੂੰ ਸੱਚ ਮੰਨਿਆ ਹੈ ਅਤੇ ਤੁਹਾਡੇ ਛੋਟੇ-ਛੋਟੇ ਜਥਿਆਂ ਨੂੰ ਸਭ ਤੋਂ ਵੱਡਾ 'ਪੰਥਕ ਹੋਣ ਦਾ ਮਰਤਬਾ' ਵੀ ਦੇ ਦਿੱਤਾ ਹੈ।

ਹੁਣ ਇਹ ਜ਼ਿੰਮੇਵਾਰੀ ਤੁਹਾਡੇ ਸਿਰ ਹੈ ਕਿ ਤੁਸੀਂ ਇਹ ਖਿਤਾਬ ਦੇ ਤਾਜ਼ ਨੂੰ ਆਪਣੇ ਸਿਰ ਰੱਖਣਾ ਹੈ ਜਾਂ ਫਿਰ ਕੌਮ ਨੂੰ ਚੜ੍ਹਦੀ ਕਲਾ ਵੱਲ ਲਿਜਾਣ ਦੀ ਥਾਂ ਕੌਮ ਨੂੰ ਹੋਰ ਅਧੋਗਤੀ ਦੀ ਸਥਿਤੀ ਵਿਚ ਧੱਕਣ ਲਈ ਦੁਸ਼ਮਣਾਂ ਦੇ ਸਹਾਈ ਹੋਣਾ ਹੈ। ਥੁਹਾਨੂੰ ਇਹ ਗੱਲ ਸਮਝਾਉਣ ਦੀ ਲੋੜ ਨਹੀਂ ਕਿ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੀ ਅਹਿਮੀਅਤ ਹੈ ਅਸੀਂ ਸਭ ਇਹ ਚੰਗੀ ਤਰ੍ਹਾਂ ਸਮਝਦੇ ਹਾਂ ਕਿ ਕੌਮ ਵਿਚ ਨਿਘਾਰ ਦੀ ਸ਼ੁਰੂਆਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਮੌਜੂਦਾ ਕਬਜ਼ਾਕਾਰਾਂ ਵੱਲੋਂ ਨਿੱਤ-ਦਿਨ ਨਵੇਂ ਕੌਮ ਵਿਰੋਧੀ ਫੈਸਲੇ ਲੈ ਕੇ ਵਿਵਾਦ ਪੈਦਾ ਕਰਨ ਤੋਂ ਅਤੇ ਕੌਮ ਦਾ ਪੈਸਾ ਨਿੱਜੀ ਰਾਜਸੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਵਰਤਣ ਤੋਂ ਹੀ ਹੋਈ ਹੈ। ਤੁਹਾਡੀ ਸਭ ਦੀ ਫੁੱਟ ਨੇ ਵੀ ਦੁਸ਼ਮਣ ਨੂੰ ਮਜ਼ਬੂਤ ਕਰਨ ਲਈ ਪੂਰਾ ਯੋਗਦਾਨ ਪਾਇਆ ਹੈ।

ਪਿਛਲੇ ਸਾਲਾਂ ਵਿਚ 'ਸਿੱਖ ਸ਼ਕਤੀ' ਪੈਦਾ ਕਰਨ ਲਈ ਵਰਤੇ ਜਾਣ ਵਾਲੇ ਸਭ ਸਾਧਨ ਉਹਨਾਂ ਲੋਕਾਂ ਪਾਸ ਚਲੇ ਗਏ ਹਨ ਜਿਨ੍ਹਾਂ ਨੇ ਭਾਵੇਂ ਚੋਲਾ ਤਾਂ ਪੰਥ ਦੇ ਨਾਮ ਦਾ ਪਾਇਆ ਹੈ,ਪ੍ਰੰਤੂ ਅਸਲ ਵਿਚ ਉਹ ਕਦੇ ਵੀ ਅਜਿਹਾ ਮੌਕਾ ਹੱਥੋਂ ਨਹੀਂ ਜਾਣ ਦਿੰਦੇ ਜਦੋਂ ਕੌਮੀ ਸ਼ਕਤੀ ਨੂੰ ਬਿਖੇਰਨ ਲਈ ਉਹਨਾਂ ਦਾ ਦਾਅ ਲੱਗਾ ਹੈ। ਗੁਰੂਆਂ ਦੇ ਨਾਮ 'ਤੇ ਸਿੱਖ ਵਿਰੋਧੀ ਸਾਹਿਤ ਨੂੰ ਮਾਨਤਾ ਦੇਣ, ਅਸ਼ਲੀਲ ਰਚਨਾਵਾਂ ਨੂੰ ਗੁਰੂ ਸਾਹਿਬਾਨਾਂ ਨਾਲ ਜੋੜਨ, ਗੋਲਕ ਦੇ ਪੈਸੇ ਦੀ ਦੁਰਵਰਤੋਂ,ਰਾਜਸੀ ਪਾਰਟੀ ਵੱਲੋਂ ਸਥਾਪਿਤ ਲੋਕਾਂ ਨੂੰ ਕੌਮ ਦੇ ਜਥੇਦਾਰਾਂ ਵਜੋਂ ਮਾਨਤਾ ਦੇਣ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਲਿਫਾਫੇ ਵਿਚੋਂ ਨਿਕਲਣਾ, ਪੰਜਾਬ ਅਤੇ ਦੇਸ਼ ਤੋਂ ਬਾਹਰ ਵਸਦੇ ਸਿੱਖਾਂ ਦੀਆਂ ਕੌਮੀ ਸਮੱਸਿਆਵਾਂ ਦਾ ਹੱਲ ਕਰਨ ਦੀ ਥਾਂ ਘੇਸਲ ਵੱਟ ਨੀਤੀ, ਪਾਕਿਸਤਾਨ ਸਿੱਖ ਗੁਰੂਘਰਾਂ ਦੀ ਪੂੰਜੀ ਨੂੰ ਖਤਮ ਕਰਨ, ਗੁਰੂਘਰਾਂ ਵਿਚ ਸਿੱਖ ਧਰਮ ਤੋਂ ਅਣਜਾਣ ਵਿਅਕਤੀਆਂ ਨੂੰ ਨਿਯੁਕਤ ਕਰਨ, ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਨ ਜਿਹੇ ਫੈਸਲੇ ਜਨਰਲ ਡਾਇਰ ਨੂੰ ਅਕਾਲ ਤਖ਼ਤ ਤੋਂ ਸਿਰੋਪਾ ਦੇਣ ਨਾਲੋਂ ਕਿਤੇ ਵਧੇਰੇ ਦੁਖਦਾਈ ਸਾਬਤ ਹੋਏ ਹਨ। ਤੁਸੀਂ ਸਭ ਪੰਥਕ ਜਥੇਬੰਦੀਆਂ ਵਾਲਿਆਂ ਨੇ ਸਮੇਂ ਸਮੇਂ ਸਿਰ ਇਹਨਾਂ ਫੈਸਲਿਆਂ ਦੀ ਨੁਕਤਾਚੀਨੀ ਵੀ ਕੀਤੀ ਹੈ।

ਯਾਦ ਰੱਖੋ ਸਿਰਫ਼ ਨੁਕਤਾਚੀਨੀ ਕਰਨ ਨਾਲ ਹੀ ਇਹ ਮਸਲੇ ਖਤਮ ਨਹੀਂ ਹੋਣੇ ਅਤੇ ਨਾ ਹੀ ਇਹਨਾਂ ਦਾ ਕੋਈ ਕੌਮਹਿਤੂ ਹੱਲ ਨਿਕਲਣਾ ਹੈ ਇਸ ਦਾ ਇਕੋ-ਇਕ ਅਤੇ ਪੱਕਾ ਹੱਲ ਮੌਜੂਦਾ ਨਿਜਾਮ ਨੂੰ ਗੁਰਦੁਆਰਾ ਪ੍ਰਬੰਧ ਤੋਂ ਪਾਸੇ ਕਰਨਾ ਹੀ ਹੈ, ਜੋ ਤਾਂ ਹੀ ਸੰਭਵ ਹੈ ਜੇਕਰ ਤੁਸੀਂ ਸਭ ਰਲ ਮਿਲ ਕੇ ਦਿਲੋਂ ਤਾਂਘ ਪੈਦਾ ਕਰੋ। ਜੇਕਰ ਤੁਸੀਂ ਸਮਝਦੇ ਹੋ ਕਿ ਅਸੀਂ ਇਕੱਲੇ-ਇਕੱਲੇ ਹੀ ਮੌਜੂਦਾ ਪ੍ਰਬੰਧ ਬਦਲਣ ਵਿਚ ਕਾਮਯਾਬ ਹੋ ਜਾਵਾਂਗੇ ਤਾਂ ਇਹ ਤੁਹਾਡਾ ਸਭ ਤੋਂ ਵੱਡਾ ਭੁਲੇਖਾ ਤਾਂ ਹੈ ਹੀ ਨਾਲ-ਨਾਲ ਕੌਮ ਨਾਲ ਗਦਾਰੀ ਵੀ ਹੈ, ਕਿਉਂਕਿ ਤੁਸੀਂ ਸਭ ਜਥੇਬੰਦੀਆਂ ਵਾਲਿਆਂ ਨੇ ਕਈ ਦਹਾਕਿਆਂ ਤੋਂ ਸਭ ਯਤਨ ਕਰ ਕੇ ਦੇਖ ਲਏ ਹਨ ਜੋ ਕਾਮਯਾਬ ਨਹੀਂ ਹੋਏ। ਤੁਸੀਂ ਹੁਣ ਵੀ ਸਮਝ ਜਾਵੋ ਕਿ ਇਕੱਲੇ-ਇਕੱਲੇ ਤੁਸੀਂ ਕਦੇ ਵੀ ਕਾਮਯਾਬ ਹੋ ਹੀ ਨਹੀਂ ਸਕੋਗੇ। ਝੇਕਰ ਤੁਸੀਂ ਇਹ ਆਸ ਲਗਾਈ ਬੈਠੇ ਹੋ ਕੇ 'ਅਲੀ ਬਾਬੇ' ਤੋਂ ਬਾਅਦ ਜਿੰਨ ਪੈਦਾ ਹੀ ਨਹੀਂ ਹੋਵੇਗਾ ਤਾਂ ਵੀ ਤੁਸੀਂ ਭੁਲੇਖੇ ਵਿਚ ਹੋਂ। ਕੌਮ ਦੇ ਜੜ੍ਹੀ ਤੇਲ ਦੇਣ ਵਾਲਿਆਂ ਨੇ ਦੀਵੇ ਤੋਂ ਦੀਵਾ ਜਗਾ ਲਿਆ ਹੈ ਜਿਸ ਦੀ ਪ੍ਰਤੱਖ ਮਸਾਲ ਇਸ ਵਾਰ ਸ਼੍ਰੋਮਣੀ ਕਮੇਟੀ ਦਾ

ਪ੍ਰਧਾਨ 'ਅਲੀ ਬਾਬੇ' ਦੇ ਵਾਰਿਸ ਦੀ ਮਰਜੀ ਨਾਲ ਪ੍ਰਗਟ ਹੋਇਆ ਹੈ। ਅਜੇ ਵੀ ਸਮਝ ਜਾਵੋ ਕੌਮ ਦੇ ਪੈਰਾਂ ਵਿਚ ਫਸੀਆਂ ਮੱਕੜ ਜਾਲ ਦੀਆਂ ਤੰਦਾਂ ਕੱਟਣ ਲਈ ਤੁਹਾਨੂੰ 'ਬੁੱਢੇ ਕਬੂਤਰ ਦੀ ਸਿੱਖਿਆ' ਤੋਂ ਏਕਤਾ ਦਾ ਸਬਕ ਸਿੱਖਣਾ ਪਵੇਗਾ। ਅਸੀਂ-ਤੁਸੀਂ ਦੁਨੀਆਂ ਦਾ ਮੰਨਿਆ-ਪ੍ਰਮੰਨਿਆ ਇਹ ਸੱਚ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਰ ਕਾਰਵਾਈ ਤਾਂ ਹੀ ਸਫਲ ਹੋ ਸਕਦੀ ਹੈ ਜੇਕਰ ਉਸ ਨੂੰ ਢੁਕਵੇਂ ਸਮੇਂ 'ਤੇ ਅੰਜਾਮ ਦਿੱਤਾ ਗਿਆ ਹੋਵੇ।

ਜਿਸ ਤਰ੍ਹਾਂ ਚਿੜੀਆਂ ਵੱਲੋਂ ਖੇਤ ਚੁਗ ਜਾਣ ਤੋਂ ਬਾਅਦ ਰਾਖੀ ਦਾ ਕੋਈ ਮਾਹਣਾ ਨਹੀਂ ਰਹਿ ਜਾਂਦਾ, ਜਿਸ ਤਰ੍ਹਾਂ ਸਮੁੰਦਰ ਭਰ ਜਾਣ ਤੋਂ ਬਾਅਦ ਬੇੜਾ ਬੰਨਣ ਬਾਰੇ ਸੋਚਣਾ ਮੂਰਖਤਾ ਭਰੀ ਸੋਚ ਹੈ, ਉਸੇ ਤਰ੍ਹਾਂ ਤੁਹਾਡੀ ਏਕਤਾ ਲਈ ਵੀ ਇਹ ਅੰਤਲਾ ਮੌਕਾ ਸਮਝ ਲਵੋ। ਇਹ ਬਹੁਤ ਢੁਕਵਾਂ ਸਮਾਂ ਹੈ ਅਜੇ ਚਿੜੀਆਂ ਨੇ ਸਾਰਾ ਖੇਤ ਨਹੀਂ ਚੁਗਿਆ, ਹੋਏ ਨੁਕਸਾਨ ਦੀ ਪੂਰਤੀ ਕੀਤੀ ਜਾ ਸਕਦੀ ਹੈ। ਜੇਕਰ ਅਜੇ ਵੀ ਤੁਸੀਂ ਆਪਣੀ-ਆਪਣੀ ਡਫ਼ਲੀ ਵਜਾਉਣੀ ਸ਼ੁਰੂ ਰੱਖੀ ਤਾਂ ਤੁਸੀਂ ਵੀ ਨਿਕਲਣ ਵਾਲੇ ਸਿੱਟਿਆਂ ਤੋਂ ਅਣਜਾਣ ਨਹੀਂ ਹੋਂ। ਤੁਹਾਡੀ ਇਸ ਫੁੱਟ ਸਦਕਾ ਕੌਮ ਦਾ ਤਾਂ ਨੁਕਸਾਨ ਹੋਵੇਗਾ ਹੀ ਸਗੋਂ ਡੁਬੇਗੀ ਕਿਸਤੀ ਤੋ ਡੂਬੇਗੇਂ ਸਾਰੇ ਨਾ ਤੁਮ ਹੀ ਬਚ ਪਾਓਗੇ ਨਾ ਸਾਥੀ ਤੁਮਹਾਰੇ।ਤੁਹਾਨੂੰ ਇਹ ਵੀ ਦੱਸਣ ਦੀ ਲੋੜ ਨਹੀਂ ਕਿ ਸਿੱਖ ਇਤਿਹਾਸ ਵਿਚ ਨਾਜ਼ੁਕ ਮੌਕਿਆਂ 'ਤੇ ਅਨੇਕਾਂ ਮੱਤਭੇਦਾਂ ਦੇ ਬਾਵਜੂਦ ਸਿੱਖ ਇਕੱਠੇ ਹੋ ਕੇ ਸਮੱਸਿਆਵਾਂ ਨੂੰ ਨਜਿੱਠਦੇ ਰਹੇ ਹਨ। ਇਹ ਸਭ ਕੁਝ ਜਾਣਦੇ ਹੋਏ ਵੀ ਜੇਕਰ ਤੁਸੀਂ ਹੁਣ ਏਕਤਾ ਨਾ ਕੀਤੀ ਤਾਂ ਤੁਹਾਡਾ ਸਭ ਦਾ ਨਾਮ ਇਤਿਹਾਸ ਵਿਚ ਬਦਨਾਮ ਲਫਜ਼ਾਂ ਵਿਚ ਲਿਖਿਆ ਜਾਵੇਗਾ। ਇਹ ਸਮਝ ਲਵੋ ਕਿ ਨਿੱਜੀ ਹਿੱਤਾਂ ਨਾਲੋਂ ਹਮੇਸ਼ਾ ਕੌਮੀ ਹਿੱਤ ਵਧੇਰੇ ਜ਼ਰੂਰੀ ਹੁੰਦੇ ਹਨ ਜੇਕਰ ਤੁਸੀਂ ਫਿਰ ਵੀ ਨਿੱਜੀ ਹਿੱਤਾਂ ਨੂੰ ਹੀ ਅੱਗੇ ਰੱਖਿਆ ਤਾਂ ਤੁਹਾਨੂੰ ਪੰਥਕ ਅਖਵਾਉਣ ਦਾ ਕੋਈ ਹੱਕ ਨਹੀਂ।